# **ਪ੍ਰੈਸ ਨੋਟ**

ਇਥੇ ਇਹ ਦੱਸਣਯੋਗ ਹੈ ਕਿ ਮਿਤੀ 22-1-2023 ਨੂੰ ਜਗਰਾਓ ਦੇ ਇੱਕ ਵਿਅਕਤੀ ਨੂੰ ਅਰਸ਼ਦੀਪ ਸਿੰਘ ਗਿੱਲ ਉਰਫ ਅਰਸ਼ ਡਾਲਾ ਪੁੱਤਰ ਚਰਨਜੀਤ ਸਿੰਘ ਗਿੱਲ ਵਾਸੀ ਪਿੰਡ ਡਾਲਾ (ਹਾਲ ਵਾਸੀ ਕਨੈਡਾ ) ਵੱਲੋ ਫੋਨ ਕਰਕੇ 15 ਲੱਖ ਰੁਪੈ ਦੀ ਫਿਰੌਤੀ ਦੀ ਮੰਗ ਕੀਤੀ ਸੀ ਅਤੇ ਨਾ ਦੇਣ ਦੀ ਸੂਰਤ ਵਿੱਚ ਜਾਨੋ ਮਾਰਨ ਦੀ ਧਮਕੀ ਦਿੱਤੀ ਸੀ। ਇਸੀ ਦੌਰਾਨ ਅਰਸ਼ ਡਾਲਾ ਵੱਲੋ ਆਪਣੇ ਮਨੀਲਾ ਬੈਠੇ ਸਾਥੀਆਂ ਨਾਲ ਮਿਲ ਕੇ ਫਿਰੌਤੀ ਦੀ ਰਕਮ ਤੈਅ ਕਰਨ ਬਾਰੇ ਗੱਲਬਾਤ ਸ਼ੁਰੂ ਕਰ ਦਿੱਤੀ ਸੀ। ਇਸ ਵਿਅਕਤੀ/ਵਪਾਰੀ ਰਾਹੀ ਗੈਂਗਸਟਰਾਂ ਨੂੰ ਡੇਢ ਲੱਖ ਰੁਪੈ ਵਿੱਚ ਗੱਲਬਾਤ ਤਹਿ ਹੋਣ ਤੇ ਦੋ ਵਿਅਕਤੀਆਂ ਨੂੰ ਇਹ ਪੈਸਾ ਲੈਣ ਲਈ ਭੇਜਿਆ।ਇਸ ਖਬਰ ਦੀ ਇਤਲਾਹ ਜਿਲ੍ਹਾਂ ਪੁਲਿਸ ਨੂੰ ਜਦੋ ਮਿਲੀ ਤਾਂ ਡੀ.ਐਸ.ਪੀ ਦਲਬੀਰ ਸਿੰਘ ਦੀ ਟੀਮ ਨੇ ਮਿੱਥੀ ਹੋਈ ਜਗ੍ਹਾਂ ਤੇ ਘੇਰਾ ਪਾ ਕੇ ਇੱਕ ਦੋਸ਼ੀ ਨੂੰ ਕਾਬੂ ਕਰ ਲਿਆ। ਪੁਲਿਸ ਪਾਰਟੀ ਨੂੰ ਵੇਖਣ ਉਪਰੰਤ ਦੋਸ਼ੀਆਂ ਨੇ ਮੌਕੇ ਤੋ ਭੱਜਣ ਲਈ ਪੁਲਿਸ ਪਾਰਟੀ ਤੇ ਫਾਇਰ ਕੀਤੇ, ਜਵਾਬੀ ਫਾਇਰ ਵਿੱਚ ਪੁਲਿਸ ਪਾਰਟੀ ਵੱਲੋ ਇੱਕ ਦੋਸ਼ੀ ਦੇ ਪੈਰ ਵਿੱਚ ਗੋਲੀ ਲੱਗੀ। ਜਿਸ ਨਾਲ ਉਹ ਭੱਜਣ ਵਿੱਚ ਕਾਮਯਾਬ ਨਹੀ ਹੋ ਸਕਿਆ।ਮੌਕੇ ਤੋ ਗ੍ਰਿਫਤਾਰ ਵਿਅਕਤੀ ਦਾ ਨਾਮ **ਜਗਤਾਰ ਸਿੰਘ ਉਰਫ ਜੱਗਾ** ਪੁੱਤਰ ਮਹਿੰਦਰ ਸਿੰਘ ਵਾਸੀ ਫੇਰੋਕੇ ਤਹਿਸੀਲ ਜੀਰਾ ਜਿਲ੍ਹਾਂ ਫਿਰੋਜਪੁਰ ਪਾਇਆ ਗਿਆ।

ਜਿਲ੍ਹਾਂ ਪੁਲਿਸ ਨੇ ਤਫਤੀਸ਼ ਦੌਰਾਨ ਮੁਕੱਦਮਾ ਨੰਬਰ 16 ਮਿਤੀ 26-1-2023 ਅ/ਧ 387,307,353,186,120-ਬੀ,115 ਭ/ਦੰ 25(7),27,54/59 ਅਸਲਾ ਐਕਟ 17,18,18-B,19,20 The Unlawful Activites (Provention) Act 1967 (Ammendment 2012) ਥਾਣਾ ਸਦਰ ਜਗਰਾਓ ਵਿੱਚ ਫਰਾਰ ਮੁਲਜਮ ਨੂੰ ਬੀਤੀ ਰਾਤ ਗ੍ਰਿਫਤਾਰ ਕੀਤਾ, ਜਿਹਨਾਂ ਦੇ ਨਾਮ **ਅਮਨਦੀਪ ਸਿੰਘ ਉਰਫ ਅਮਨਾ ਅਤੇ ਸੁਖਵਿੰਦਰ ਸਿੰਘ ਉਰਫ ਸੁੱਖਾ** ਹਨ, ਜੋ ਦੋਨੋ ਦੋਸ਼ੀ ਪਿੰਡ ਚੂਹੜਚੱਕ ਜਿਲ੍ਹਾ ਮੋਗਾ ਦੇ ਰਹਿਣ ਵਾਲੇ ਹਨ। ਵਾਰਦਾਤ ਵਿੱਚ ਵਰਤਿਆਂ ਮੋਟਰਸਾਈਕਲ ਬਰਾਮਦ ਕੀਤਾ ਗਿਆ।

ਹੁਣ ਤੱਕ ਦੀ ਤਫਤੀਸ਼ ਤੋ ਪਾਇਆ ਗਿਆ ਹੈ ਕਿ ਕੈਨੇਡਾ ਵਿੱਚ ਰਹਿੰਦੇ **ਅਰਸ਼ਦੀਪ ਸਿੰਘ ਗਿੱਲ ਉਰਫ ਅਰਸ਼ ਡਾਲਾ** ਪੁੱਤਰ ਚਰਨਜੀਤ ਸਿੰਘ ਗਿੱਲ ਵਾਸੀ ਪਿੰਡ ਡਾਲਾ ਵੱਲੋ ਮਨੀਲਾ ਵਿਖੇ ਰਹਿੰਦੇ ਆਪਣੇ ਸਾਥੀਆਂ **ਅਮਰੀਕ ਸਿੰਘ** ਪੁੱਤਰ ਮਹਿੰਦਰ ਸਿੰਘ ਵਾਸੀ ਫੇਰੋਕੇ ਤਹਿਸੀਲ ਜੀਰਾ ਜਿਲਾ ਫਿਰੋਜਪੁਰ, **ਮਨਪ੍ਰੀਤ ਸਿੰਘ ਉਰਫ ਪੀਤਾ** ਪੁੱਤਰ ਨੈਬ ਸਿੰਘ ਵਾਸੀ ਬੂਈਆਂਵਾਲਾ ਥਾਣਾ ਸਦਰ ਜੀਰਾ ਜਿਲਾ ਫਿਰੋਜਪੁਰ ਅਤੇ **ਅੰਮ੍ਰਿਤਪਾਲ ਸਿੰਘ ਉਰਫ ਐਮੀ** ਪੁੱਤਰ ਅਮਰਜੀਤ ਸਿੰਘ ਵਾਸੀ ਨਵਾਂ ਚੰਦ ਜਿਲਾ ਮੋਗਾ ਰਾਹੀ ਫੋਨ ਕਰਵਾ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ।

ਜਿੰਨਾਂ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ। ਜਿੰਨਾਂ ਵੱਲੋ ਕੀਤੀਆਂ ਹੋਰ ਵਾਰਦਾਤਾਂ ਬਾਰੇ ਇੰਕਸ਼ਾਫ ਹੋਣ ਦੀ ਸੰਭਾਵਨਾ ਹੈ। ਦੋਸ਼ੀਆਨ ਦੇ ਸਾਬਕਾ ਰਿਕਾਰਡ ਬਾਰੇ ਪਤਾ ਕੀਤਾ ਜਾ ਰਿਹਾ ਹੈ।

////////////